***ਟ੍ਰਾਂਸਪੋਰਟ ਸਿਕਿਉਰਿਟੀ ਐਡਮਿਨਿਸਟ੍ਰੇਸ਼ਨ ਦੁਆਰਾ***
***ਪੋਰਟ ਵਰਕਰਾਂ ਅਤੇ ਟਰੱਕ ਡ੍ਰਾਈਵਰਾਂ***
***ਦੀ TWIC ਲਈ ਪਿੱਛੋਕੜ ਦੀ ਜਾਂਚ ਬਾਰੇ***
***ਆਪਣੇ ਹੱਕ ਜਾਣੋ***

► **ਕਿਹੜੇ ਫੌਜਦਾਰੀ ਅਪਰਾਧਾਂ ਦੇ ਕਾਰਨ ਵਰਕਰ ਨੂੰ ਨਵੇਂ "ਟ੍ਰਾਂਸਪੋਰਟੇਸ਼ਨ ਵਰਕਰ ਪੱਛਾਣ ਸਨਦ" (TWIC) ਦੇ ਅਯੋਗ ਕਰਾਰ ਦਿੱਤਾ ਜਾ ਸਕਦਾ ਹੈ?** ਜੇ ਪਿਛਲੇ 7 ਸਾਲਾਂ ਦੇ ਦੌਰਾਨ ਤੁਹਾਡਾ ਸੰਗੀਨ ਅਪਰਾਧ (felony) ਦਾ ਰਿਕਾਰਡ ਹੈ (ਜਾਂ ਪਿਛਲੇ 5 ਸਾਲਾਂ ਵਿੱਚ ਤੁਸੀਂ ਜੇਲ੍ਹ ਵਿੱਚੋ ਰਿਹਾ ਹੋਏ ਸੀ) ਜਿਸ ਵਿੱਚ ਕਈ "ਰੱਖਿਆ ਲਈ ਖਤਰੇ" (ਸਿਕਿਉਰਿਟੀ ਰਿਸਕ) ਵਾਲੇ ਅਪਰਾਧਾਂ ਵਿੱਚੋਂ ਕੋਈ ਅਪਰਾਧ ਸ਼ਾਮਲ ਹੈ, ਤਾਂ ਤੁਹਾਨੂੰ TWIC ਲੈਣ ਦੇ ਅਯੋਗ ਕਰਾਰ ਦਿੱਤਾ ਜਾ ਸਕਦਾ ਹੈ। ਮੋਟੇ ਤੌਰ 'ਤੇ ਅਯੋਗਤਾ ਦੇ ਕੁਝ ਅਪਰਾਧ ਹਨ: ਨਸ਼ੀਲੀ ਦਵਾਈਆਂ ਦੀ ਵਿਕਰੀ, ਹੱਥਿਆਰ ਰੱਖਣਾ, ਧੋਖਾਧੜੀ (ਵੈਲਫੇਅਰ ਫ੍ਰਾੱਡ ਅਤੇ ਗਲਤ ਚੈਕ ਜਾਰੀ ਕਰਨ ਦੇ ਇਲਾਵਾ) ਅਤੇ "ਬੇਈਮਾਨੀ" ਦੇ ਦੂਜੇ ਸੰਗੀਨ ਅਪਰਾਧ।

► **TWIC ਦੇ ਯੋਗ ਹੋਣ ਲਈ ਇਮੀਗ੍ਰੇਸ਼ਨ ਦੀ ਕੀ ਸਥਿਤੀ ਹੋਣੀ ਜ਼ਰੂਰੀ ਹੈ?**
**TWIC** ਦੇ ਯੋਗ ਹੋਣ ਲਈ ਜ਼ਰੂਰੀ ਹੈ ਕਿ ਤੁਸੀਂ ਯੂ.ਐਸ. ਨਾਗਰਿਕ, ਕਾਨੂੰਨੀ ਤੌਰ 'ਤੇ ਸਥਾਈ ਵਾਸੀ, ਰਿਫਿਊਜੀ, ਪਨਾਹ ਪਾਏ ਵਿਅਕਤੀ, ਕੰਮ ਕਰਨ ਦੇ ਅਸੀਮਤ ਅਧਿਕਾਰ ਵਾਲੇ ਇਮੀਗ੍ਰੈਂਟ (S-5, S-6, K-1, K-2 ਦੇ ਇਲਾਵਾ), ਜਾਂ ਕੰਮ ਦੇ ਸੀਮਤ ਅਧਿਕਾਰ ਵਾਲੇ ਇਮੀਗ੍ਰੈਂਟ (H-1B, H-1B1, E-1, L-1 O-1 ਅਤੇ ਕੁਝ ਹੋਰ ਵੀਜ਼ੇ) ਹੋਵੋ। ਕੁਝ ਮਾਮਲਿਆਂ ਵਿੱਚ 'ਟੈਂਪਰੇਰੀ ਪ੍ਰੋਟੈਕਟਿਡ ਸਟੇਟਸ' (ਆਰਜ਼ੀ ਤੌਰ 'ਤੇ ਸੁਰੱਖਿਅਤ ਸਥਿਤੀ) (TPS) ਵਾਲੇ ਵਰਕਰ ਵੀ TWIC ਦੇ ਯੋਗ ਹੋ ਸਕਦੇ ਹਨ।

► **ਜੇ ਅਪਰਾਧਕ ਰਿਕਾਰਡ ਕਾਰਨ ਤੁਹਾਨੂੰ ਅਯੋਗ ਕਰਾਰ ਦਿੱਤਾ ਗਿਆ ਹੈ ਤਾਂ "ਵੇਵਰ" (ਛੋਟ) ਲਈ ਅਰਜ਼ੀ ਦੇਣ ਦਾ ਤੁਹਾਨੂੰ ਹੱਕ ਹੈ।** ਛੋਟ ਦੇਣ ਦੀ ਇੱਕ ਵਿਸ਼ੇਸ਼ ਪ੍ਰਕਿਰਿਆ ਹੈ ਜਿਸਦੀ ਤੁਸੀਂ ਵਰਤੋਂ ਕਰ ਸਕਦੇ ਹੋ ਅਤੇ ਵਿਖਾ ਸਕਦੇ ਹੋ ਕਿ ਤੁਸੀਂ 'ਰੱਖਿਆ ਲਈ ਆਤੰਕਵਾਦੀ ਖਤਰਾ' ਨਹੀਂ ਹੋ ਅਤੇ ਇਸ ਲਈ ਤੁਹਾਨੂੰ TWIC ਮਿਲਣਾ ਚਾਹੀਦਾ ਹੈ। ਜਿਨ੍ਹਾਂ ਵਰਕਰਾਂ ਦਾ ਕਦੇ-ਕਦਾਈਂ ਵਾਲਾ ਅਪਰਾਧਕ ਰਿਕਾਰਡ ਅਤੇ ਕੰਮ ਕਰਨ ਦਾ ਠੋਸ ਰਿਕਾਰਡ ਹੈ ਉਹਨਾਂ ਨੂੰ ਟ੍ਰਾਂਸਪੋਰਟੇਸ਼ਨ ਸਿਕਿਉਰਿਟੀ ਐਡਮਿਨਿਸਟ੍ਰੇਸ਼ਨ (TSA) ਵਲੋਂ ਛੋਟ ਮਿਲਣ ਦੀ ਪੂਰੀ ਸੰਭਾਵਨਾ ਹੈ। ਜੇ ਤੁਸੀਂ ਇੱਕ ਇਮੀਗ੍ਰੈਂਟ ਵਰਕਰ ਹੋ ਜਿਸ ਨੂੰ ਤੁਹਾਡੇ 'ਟੈਂਪਰੇਰੀ ਪ੍ਰੋਟੈਕਟਿਡ ਸਟੇਟਸ' (ਆਰਜ਼ੀ ਤੌਰ 'ਤੇ ਸੁਰੱਖਿਅਤ ਸਥਿਤੀ) (TPS) ਦੇ ਆਧਾਰ 'ਤੇ ਮਨ੍ਹਾ ਕੀਤਾ ਗਿਆ ਹੈ ਤਾਂ TWIC ਪ੍ਰਾਪਤ ਕਰਨ ਦੇ ਯੋਗ ਹੋਣ ਲਈ ਵੇਵਰ (ਛੋਟ) ਲਈ ਅਰਜ਼ੀ ਜ਼ਰੂਰ ਦਿਉ।

► **ਜੇ ਤੁਹਾਡੇ ਅਪਰਾਧਕ ਰਿਕਾਰਡ ਜਾਂ ਇਮੀਗ੍ਰੇਸ਼ਨ ਸਥਿਤੀ ਬਾਰੇ TSA ਨੇ ਕੋਈ ਗਲਤੀ ਕੀਤੀ ਹੈ ਤਾਂ ਤੁਹਾਨੂੰ ਅਪੀਲ ਕਰਨ ਦਾ ਹੱਕ ਵੀ ਹੈ।** TSA ਦੀ ਇੱਕ "ਅਪੀਲ" ਦੀ ਪ੍ਰਕਿਰਿਆ ਹੈ ਜਿਹੜੀ ਬਹੁਤ ਸਾਰੇ ਅਜੇਹੇ ਵਰਕਰਾਂ ਦੀ ਮਦਦ ਕਰ ਸਕਦੀ ਹੈ ਜਿਨ੍ਹਾਂ ਨੂੰ FBI ਦੁਆਰਾ ਅਧੂਰੇ ਜਾਂ ਗਲਤ ਅਪਰਾਧਕ ਰਿਕਾਰਡ ਦੇਣ ਕਾਰਨ, ਇਮੀਗ੍ਰੇਸ਼ਨ ਡੈਟਾਬੇਸ ਵਿੱਚ ਗਲਤ ਜਾਣਕਾਰੀ ਕਾਰਨ ਜਾਂ ਦੂਜੀਆਂ ਆਮ ਗਲਤੀਆਂ ਕਾਰਨ TWIC ਦੇਣ ਤੋਂ ਇਨਕਾਰ ਕਰ ਦਿੱਤਾ ਗਿਆ ਹੈ। ਜ਼ਿਆਦਾਤਰ ਅਪੀਲਾਂ ਵਿੱਚ TSA ਗਲਤੀਆਂ ਦੀ ਸੋਧ ਕਰ ਦੇਂਦੀ ਹੈ ਅਤੇ ਵਰਕਰਾਂ ਨੂੰ TWIC ਦੇ ਦੇਂਦੀ ਹੈ।

► **ਜੇ TSA ਤੁਹਾਨੂੰ TWIC ਦੇਣ ਤੋਂ ਇਨਕਾਰ ਕਰ ਦੇਂਦੀ ਹੈ ਤਾਂ ਅਪੀਲ ਜਾਂ ਵੇਵਰ ਲਈ ਅਰਜ਼ੀ ਜ਼ਰੂਰ ਦਿਉ! ਹੋਰ ਜਾਣਕਾਰੀ ਲਈ ਸੰਪਰਕ ਕਰੋ: [ਇੱਥੇ ਲੋਕਲ ਸੰਪਰਕ ਜਾਣਕਾਰੀ ਦਿਉ]**

*Prepared by the National Employment Law Project 11/07 (Punjabi)*